# ਆਪਣੇ ਅਧਿਕਾਰਾਂ ਨੂੰ ਜਾਣੋ!

# E-Verify ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ

**E-Verify** ਸੰਯੁਕਤ ਰਾਜ ਸਰਕਾਰ ਵੱਲੋਂ ਚਲਾਇਆ ਜਾਂਦਾ ਇੱਕ ਇੰਟਰਨੈੱਟ-ਆਧਾਰਿਤ ਪ੍ਰੋਗਰਾਮ ਹੈ। ਰੁਜ਼ਗਾਰਦਾਤਾ E-Verify ਦੀ ਵਰਤੋਂ ਇਹ ਜਾਂਚ ਕਰਨ ਲਈ ਕਰਦੇ ਹਨ ਕਿ ਕੀ ਕਰਮਚਾਰੀ ਕਾਨੂੰਨੀ ਤੌਰ 'ਤੇ ਕੰਮ ਕਰ ਸਕਦੇ ਹਨ। ਜਦ ਤੁਸੀਂ ਕਿਸੇ ਅਜਿਹੇ ਰੁਜ਼ਗਾਰਦਾਤਾ ਕੋਲ ਨੌਕਰੀ ਲਈ ਅਰਜ਼ੀ ਦਿੰਦੇ ਹੋ ਜੋ E-Verify ਦੀ ਵਰਤੋਂ ਕਰਦਾ ਹੈ, ਤਾਂ ਰੁਜ਼ਗਾਰਦਾਤਾ ਨੂੰ ਤੁਹਾਨੂੰ ਸੂਚਿਤ ਕਰਨਾ ਚਾਹੀਦਾ ਹੈ ਕਿ ਉਹ E-Verify ਦੀ ਵਰਤੋਂ ਕਰਦਾ ਹੈ। ਜੇ ਤੁਹਾਡਾ ਰੁਜ਼ਗਾਰਦਾਤਾ E-Verify ਦੀ ਵਰਤੋਂ ਕਰਦਾ ਹੈ, ਤਾਂ ਤੁਹਾਡੇ ਕੁਝ ਵਿਸ਼ੇਸ਼ ਅਧਿਕਾਰ ਹਨ।

## E-Verify ਕਿਸ ਤਰ੍ਹਾਂ ਕੰਮ ਕਰਦਾ ਹੈ

- E-Verify ਤੁਹਾਡੇ I-9 ਫਾਰਮ ਤੋਂ ਮਿਲੀ ਜਾਣਕਾਰੀ ਦੀ ਤੁਲਨਾ ਸਰਕਾਰ ਦੇ ਆਵਾਸ, ਸ਼ੋਸ਼ਲ ਸਕਿਊਰਟੀ, ਅਤੇ ਹੋਰ ਰਿਕਾਰਡਾਂ ਦੀ ਜਾਣਕਾਰੀ ਨਾਲ ਕਰਦਾ ਹੈ।
- ਜੇ ਜਾਣਕਾਰੀ ਮੇਲ਼ ਖਾਂਦੀ ਹੈ ਤਾਂ E-Verify ਇਸ ਗੱਲ ਦੀ ਪੁਸ਼ਟੀ ਕਰੇਗਾ ਕਿ ਤੁਸੀਂ ਕਾਨੂੰਨੀ ਤੌਰ 'ਤੇ ਕੰਮ ਕਰ ਸਕਦੇ ਹੋ।
- ਜੇ ਜਾਣਕਾਰੀ ਮੇਲ਼ ਨਹੀਂ ਖਾਂਦੀ, ਤਾਂ ਤੁਹਾਡੇ ਰੁਜ਼ਗਾਰਦਾਤਾ ਨੂੰ ਲਾਜ਼ਮੀ ਤੌਰ 'ਤੇ ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਕੋਈ ਗੜਬੜ ਹੈ ਅਤੇ ਇਸਨੂੰ ਠੀਕ ਕਰਨ ਦੀ ਵਿਧੀ ਬਾਰੇ ਤੁਹਾਨੂੰ ਹਿਦਾਇਤਾਂ ਦੇਣੀਆਂ ਚਾਹੀਦੀਆਂ ਹਨ ਅਤੇ ਸਰਕਾਰ ਨਾਲ ਸੰਪਰਕ ਕਰਨ ਦੀ ਅੰਤਿਮ ਮਿਤੀ ਦੱਸਣੀ ਚਾਹੀਦੀ ਹੈ।
- ਜੇ ਤੁਸੀਂ ਆਪਣੇ I-9 ਫਾਰਮ 'ਤੇ ਆਪਣਾ ਈਮੇਲ ਪਤਾ ਸ਼ਾਮਲ ਕਰਦੇ ਹੋ ਤਾਂ E-Verify ਤੁਹਾਨੂੰ ਇਸ ਸਮੱਸਿਆ ਬਾਰੇ ਸਿੱਧੇ ਤੌਰ 'ਤੇ ਈਮੇਲ ਕਰੇਗਾ।

## ਰੁਜ਼ਗਾਰਦਾਤਾ:

- E-Verify ਵਿੱਚ ਤੁਹਾਡੀ ਜਾਣਕਾਰੀ ਦੀ ਜਾਂਚ ਤਦ ਤੱਕ ਨਹੀਂ ਕਰ ਸਕਦੇ ਜਦ ਤੱਕ ਤੁਹਾਨੂੰ ਰੱਖ ਨਹੀਂ ਲਿਆ ਜਾਂਦਾ ਅਤੇ ਤੁਸੀਂ ਆਪਣਾ I-9 ਫਾਰਮ ਨਹੀਂ ਭਰ ਦਿੱਤਾ।
- ਮੁੜ-ਤਸਦੀਕ ਵਾਸਤੇ E-Verify ਦੀ ਵਰਤੋਂ ਨਹੀਂ ਕਰ ਸਕਦੇ।
- ਤੁਹਾਡੇ ਵੱਲੋਂ ਆਪਣਾ I-9 ਫਾਰਮ ਭਰਨ ਦੇ ਬਾਅਦ ਸਿਰਫ ਇਸ ਲਈ ਤੁਹਾਨੂੰ ਕੰਮ ਕਰਨ ਤੋਂ ਵਾਂਝੇ ਨਹੀਂ ਰੱਖ ਸਕਦੇ ਕਿਉਂਕਿ ਤੁਹਾਨੂੰ ਅਜੇ ਆਪਣਾ ਸ਼ੋਸ਼ਲ ਸਕਿਊਰਟੀ ਨੰਬਰ ਨਹੀਂ ਮਿਲਿਆ ਹੈ।

## E-Verify ਵਿੱਚ ਕਿਸੇ ਸਮੱਸਿਆ ਨੂੰ ਠੀਕ ਕਰਦੇ ਸਮੇਂ ਤੁਹਾਡੇ ਅਧਿਕਾਰ ਹੁੰਦੇ ਹਨ

ਜਦ ਤੁਸੀਂ ਆਪਣੇ E-Verify ਕੇਸ ਨਾਲ ਸਮੱਸਿਆ ਨੂੰ ਠੀਕ ਕਰ ਰਹੇ ਹੁੰਦੇ ਹੋ, ਤੁਹਾਡਾ ਰੁਜ਼ਗਾਰਦਾਤਾ:

- ਤੁਹਾਨੂੰ ਨੌਕਰੀਓਂ ਨਹੀਂ ਕੱਢ ਸਕਦਾ
- ਤੁਹਾਨੂੰ ਮੁਅੱਤਲ ਨਹੀਂ ਕਰ ਸਕਦਾ
- ਕੰਮ ਜਾਂ ਸਿਖਲਾਈ ਸ਼ੁਰੂ ਕਰਨ ਲਈ ਤੁਹਾਨੂੰ ਇੰਤਜ਼ਾਰ ਨਹੀਂ ਕਰਵਾ ਸਕਦਾ
- ਤੁਹਾਨੂੰ ਨੌਕਰੀ ਛੱਡਣ ਲਈ ਮਜਬੂਰ ਨਹੀਂ ਕਰ ਸਕਦਾ
- ਤੁਹਾਡੇ ਕੰਮ ਦੇ ਘੰਟਿਆਂ ਵਿੱਚ ਕਟੌਤੀ ਨਹੀਂ ਕਰ ਸਕਦਾ
- ਤੁਹਾਡੇ ਵੱਲੋਂ ਕੀਤੇ ਕੰਮ ਵਾਸਤੇ ਤੁਹਾਨੂੰ ਤਨਖਾਹ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ



ਜੇ ਤੁਹਾਡੇ ਕੋਲ ਕੰਮ ਕਰਨ ਦਾ ਅਧਿਕਾਰ ਹੈ, ਤਾਂ ਕਿਸੇ ਨੂੰ ਵੀ ਇਸਨੂੰ ਖੋਹਣ ਨਾ ਦਿਓ

## ਤੁਹਾਡੇ E-Verify ਕੇਸ ਵਿੱਚ ਮਦਦ ਵਾਸਤੇ E-Verify ਨੂੰ ਕਾਲ ਕਰੋ

**1-888-897-7781**

(ਜ਼ੁਬਾਨੀ ਭਾਸ਼ਾ ਅਨੁਵਾਦ ਉਪਲਬਧ ਹੈ)

www.dhs.gov/everify

## OSC ਨੂੰ ਕਾਲ ਕਰੋ ਜੇ:

- ਤੁਹਾਡਾ ਰੁਜ਼ਗਾਰਦਾਤਾ E-Verify ਦੀ ਵਰਤੋਂ ਕੇਵਲ ਆਵਾਸੀਆਂ ਵਾਸਤੇ, ਕਿਸੇ ਵਿਸ਼ੇਸ਼ ਦੇਸ਼ ਦੇ ਲੋਕਾਂ ਵਾਸਤੇ ਜਾਂ ਉਹਨਾਂ ਵਾਸਤੇ ਕਰਦਾ ਹੈ ਜਿਹੜੇ "ਵਿਦੇਸ਼ੀ" ਲਗਦੇ ਹਨ।
- ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ ਕੰਮ ਨਹੀਂ ਕਰ ਦਿੰਦਾ ਜਾਂ ਤੁਹਾਡੇ ਖਿਲਾਫ ਹੋਰ ਕਾਰਵਾਈ ਕਰਦਾ ਹੈ ਜਦ ਤੁਸੀਂ E-Verify ਦੀ ਸਮੱਸਿਆ ਨੂੰ ਠੀਕ ਕਰ ਰਹੇ ਹੁੰਦੇ ਹੋ
- I-9 ਫਾਰਮ ਅਤੇ E-Verify ਵਾਸਤੇ, ਤੁਹਾਡੀ ਚੋਣ ਦੀ ਬਜਾਏ, ਤੁਹਾਨੂੰ ਇੱਕ ਵਿਸ਼ੇਸ਼ ਦਸਤਾਵੇਜ਼ ਦਿਖਾਉਣ ਨੂੰ ਕਿਹਾ ਜਾਂਦਾ ਹੈ

ਵਰਕਰ ਹੌਟਲਾਈਨ: **1-800-255-7688 ਜਾਂ 1-800-237-2515 (TDD)**

(ਜ਼ੁਬਾਨੀ ਭਾਸ਼ਾ ਅਨੁਵਾਦ ਉਪਲਬਧ ਹੈ)

www.justice.gov/crt/about/osc